ਅਧਿਆਇ 16

ਅੱਯੂਬ ਦਾ ਉੱਤਰ

(ਭਾਗ 1)

16 ਅਤੇ 17 ਅਧਿਆਵਾਂ ਵਿਚ ਅਲੀਫ਼ਜ਼ ਨੂੰ ਅੱਯੂਬ ਦਾ ਦੂਜਾ ਉੱਤਰ "ਸ਼ਿਕਾਇਤ" ਅਤੇ "ਬੇਨਤੀ" ਵਿਚਕਾਰ ਬਦਲਿਆ ਗਿਆ ਹੈ।[1] ਜਿਨ੍ਹਾਂ ਨੇ ਇਸ ਪੁਸਤਕ ਦਾ ਨੇੜਿਓਂ ਅਧਿਐਨ ਕੀਤਾ ਹੈ ਟਿੱਪਣੀ ਕਰਦੇ ਹਨ ਕਿ ਅੱਯੂਬ ਆਪਣੇ ਮਿੱਤਰਾਂ ਦੇ ਇਲਜ਼ਾਮਾਂ ਦਾ ਉੱਤਰ ਦੇਣ ਤੋਂ ਸਿਰਫ ਇਸ ਅਹਿਸਾਸ ਵੱਲ ਵੱਧ ਰਿਹਾ ਹੈ ਕਿ ਸਿਰਫ ਪਰਮੇਸ਼ੁਰ ਹੀ ਉਸ ਦੇ ਦੁੱਖ ਦਾ ਕਾਰਣ ਦੱਸ ਸਕਦਾ ਹੈ। ਫ੍ਰਾਂਸਿਸ ਆਈ. ਐਂਡਰਸਨ ਨੇ ਕਿਹਾ ਕਿ ਅੱਯੂਬ "ਦੋ ਤੱਥਾਂ ਤੇ ਸਹਿਜਤਾ ਨਾਲ ਪੇਸ਼ ਆਉਂਦਾ ਹੈ: ਉਹ ਕਿਸੇ ਗੰਭੀਰ ਭੁੱਲ ਦਾ ਦੋਸ਼ੀ ਨਹੀਂ ਹੈ ਅਤੇ ਪਰਮੇਸ਼ੁਰ ਜੋ ਚਾਹੁੰਦਾ ਹੈ ਉਹ ਕਰਨ ਦਾ ਹੱਕਦਾਰ ਹੈ।"[2] ਉਹ ਅਸਪੱਸ਼ਟ ਢੰਗ ਨਾਲ ਸਮਝਦਾ ਹੈ ਕਿ ਪਰਮੇਸ਼ੁਰ ਹੀ ਉਹ ਸਰੋਤ ਹੈ ਜਿਸ ਵੱਲ ਉਹ ਮੁੜ ਸਕਦਾ ਹੈ ਅਤੇ ਇਹ ਕਿ ਪਰਮੇਸ਼ੁਰ ਉਸ ਦਾ ਦੁਸ਼ਮਣ ਹੈ।

"ਤੁਸੀਂ ਸਭ ਦੇ ਸਭ ਦੁਖ ਦਾਇਕ ਤਸੱਲੀ ਦੇਣ ਵਾਲੇ ਹੋ" (16:1-5)

1ਤਾਂ ਅੱਯੂਬ ਨੇ ਉੱਤਰ ਦੇ ਕੇ ਆਖਿਆ, 2ਮੈਂ ਅਜੇਹੀਆਂ ਬਹੁਤ ਸਾਰੀਆਂ ਗੱਲਾਂ ਸੁਣੀਆਂ
ਹਨ, ਤੁਸੀਂ ਸਭ ਦੇ ਸਭ ਦੁਖ ਦਾਇਕ ਤਸੱਲੀ ਦੇਣ ਵਾਲੇ ਹੋ। 3ਹਵਾਈ ਗੱਲਾਂ ਕਦੇ
ਮੁੱਕਣਗੀਆਂ ਵੀ, ਯਾ ਤੈਨੂੰ ਕੀ ਖਿਝ ਹੈ ਜੋ ਤੂੰ ਉੱਤਰ ਦਿੰਦਾ ਹੈਂ? 4ਮੈਂ ਵੀ ਤੁਹਾਡੇ ਵਾਂਙੁ ਬੋਲ
ਸੱਕਦਾ, ਜੇ ਤੁਹਾਡੀ ਜਾਨ ਮੇਰੀ ਜਾਨ ਦੇ ਥਾਂ ਹੁੰਦੀ, ਤਾਂ ਮੈਂ ਤੁਹਾਡੇ ਵਿਰੁੱਧ ਗੱਲਾਂ ਘੜ
ਸੱਕਦਾ, ਅਤੇ ਆਪਣਾ ਸਿਰ ਤੁਹਾਡੇ ਉੱਤੇ ਹਿਲਾ ਸੱਕਦਾ। 5ਪਰ ਮੈਂ ਤੁਹਾਨੂੰ ਆਪਣੇ ਮੂੰਹ
ਨਾਲ ਤਕੜਿਆਂ ਕਰਦਾ, ਅਤੇ ਮੇਰੇ ਬੁੱਲ੍ਹਾਂ ਦਾ ਹਿੱਲਣਾ ਸਬਿਹਤਾ ਦਿੰਦਾ ਹੈ।

ਆਇਤਾਂ 1, 2. ਅੱਯੂਬ ਨੇ ਆਪਣੇ ਉੱਤਰ ਦੀ ਸ਼ੁਰੂਆਤ ਆਪਣੇ ਮਿੱਤਰਾਂ ਨੂੰ ਝਿੜਕ ਕੇ ਕੀਤੀ: **ਤੁਸੀਂ ਸਭ ਦੇ ਸਭ ਦੁਖ ਦਾਇਕ ਤਸੱਲੀ ਦੇਣ ਵਾਲੇ ਹੋ।** "ਦੁਖ ਦਾਇਕ ਤਸੱਲੀ ਦੇਣ ਵਾਲੇ" ਸ਼ਾਬਦਿਕ ਤੌਰ ਤੇ "ਮੁਸੀਬਤ ਵਿਚ ਤਸੱਲੀ ਦੇਣ ਵਾਲੇ" ਹਨ, ਭਾਵ ਮੁਸੀਬਤਾਂ ਪੈਦਾ ਕਰਨ ਵਾਲੇ ਲੋਕ ਹਨ। ਇਹ ਮਨੁੱਖ "ਤਸੱਲੀ ਦੇਣ ਵਾਲੇ ਸਨ ਜੋ ਤਸੱਲੀ ਦੇਣ ਦੀ ਬਜਾਇ ਮੁਸੀਬਤ ਨੂੰ ਵਧਾਉਂਦੇ ਹਨ।"[3] ਜੌਨ ਈ. ਹਾਰਟਲੀ ਨੇ ਕਿਹਾ ਕਿ ਇਹ ਵਾਕ "ਇਕ ਤਿੱਖਾ ਆਕਸੀ-ਮੋਰੋਨ ਹੈ; ਅਰਥਾਤ, ਜਿੰਨੇ ਜ਼ਿਆਦਾ ਸ਼ਬਦ ਉਹ ਤਸੱਲੀ ਦੇਣ ਲਈ ਬੋਲਦੇ ਹਨ, ਓਨੀ ਜ਼ਿਆਦਾ ਉਹ ਦਰਦ ਦਿੰਦੇ ਹਨ।"[4] ਅੱਯੂਬ ਦਲੇਰੀ ਨਾਲ ਅਲੀਫ਼ਜ਼ ਦੇ ਦਾਅਵੇ ਦਾ ਮੁਕਾਬਲਾ ਕਰ ਰਿਹਾ ਸੀ ਕਿ ਮਿੱਤਰਾਂ ਦੇ ਸ਼ਬਦ "ਪਰਮੇਸ਼ੁਰ ਦੀਆਂ ਤਸੱਲੀਆਂ" ਸਨ (15:11)। ਸ਼ਬਦ "ਦੁਖ ਦਾਇਕ" ਜਾਂ "ਕਸ਼ਟ" (עָמָל, *ਅਮਲ)* ਉਹੀ ਹੈ ਜਿਸ ਅਨੁਵਾਦ

ਅਲੀਫ਼ਜ਼ ਦੀ ਗੱਲਬਾਤ ਦੇ ਅੰਤ ਵਿਚ “ਸ਼ਰਾਰਤ” ਕੀਤਾ ਗਿਆ ਹੈ (15:35)। ਅੱਯੂਬ ਨੇ ਅਲੀਫ਼ਜ਼ ਦੇ ਆਪਣੇ ਸ਼ਬਦ ਨੂੰ ਉਸ ਦੇ ਵਿਰੁੱਧ ਮੋੜ ਦਿੱਤਾ (ਵੇਖੋ NJPSV)।

ਆਇਤ 3. ਹਵਾਈ ਗੱਲਾਂ ਕਦੇ ਮੁੱਕਣਗੀਆਂ ਵੀ? ਅਲੀਫ਼ਜ਼ ਨੇ ਅੱਯੂਬ ਨੂੰ ਪੁੱਛਿਆ ਸੀ, “ਭਲਾ, ਬੁੱਧੀਮਾਨ ਹਵਾਈ ਗਿਆਨ ਵਿੱਚ ਉੱਤਰ ਦੇਵੇ, ਅਤੇ ਆਪਣਾ ਪੇਟ ਪੂਰਬ ਦੀ ਹਵਾ ਨਾਲ ਭਰੇ?” (15:2)। “ਹਵਾਈ ਗੱਲਾਂ” ਕਿਸੇ ਵੀ ਢੁਕਵੀਂ ਸਮੱਗਰੀ ਤੋਂ ਬਿਨ੍ਹਾਂ ਹਨ। **ਤੈਨੂੰ ਕੀ ਖਿਝ ਹੈ ਜੋ ਤੂੰ ਉੱਤਰ ਦਿੰਦਾ ਹੈਂ?** ਇਬਰਾਨੀ ਭਾਸ਼ਾ ਵਿਚ “ਤੂੰ” ਪੜਨਾਂਵ ਦਰਸਾਉਂਦਾ ਹੈ ਕਿ ਅੱਯੂਬ ਸਿਰਫ ਅਲੀਫ਼ਜ਼ ਨੂੰ ਸੰਬੋਧਿਤ ਕਰ ਰਿਹਾ ਸੀ। ਉਹ ਸਮਝ ਨਹੀਂ ਪਾ ਰਿਹਾ ਸੀ ਕਿ ਅਲੀਫ਼ਜ਼ ਉਸ ਨੂੰ ਆਪਣਾ ਜਵਾਬ ਦੇਣਾ ਜਾਰੀ ਰੱਖਣ ਲਈ ਕਿਉਂ ਇੰਨਾ ਮਜਬੂਰ ਮਹਿਸੂਸ ਕਰਦਾ ਸੀ।

ਆਇਤ 4. ਅੱਯੂਬ ਨੇ ਮਿੱਤਰਾਂ ਨੂੰ ਕਿਹਾ ਕਿ ਉਹ ਉਨ੍ਹਾਂ ਨਾਲ ਉਵੇਂ ਵਿਹਾਰ ਕਰ ਸਕਦਾ ਹੈ ਜਿਵੇਂ ਉਹ ਉਸ ਨਾਲ ਵਿਹਾਰ ਕਰ ਰਹੇ ਸਨ, ਜੇ ਉਨ੍ਹਾਂ ਦੇ ਹਾਲਾਤ ਉਲਟ ਜਾਂਦੇ। ਉਹ ਉਨ੍ਹਾਂ ਦੇ ਪਾਪਾਂ ਬਾਰੇ ਦੱਸਦਾ ਹੋਇਆ ਵਿਵੇਕਸ਼ੀਲ ਭਾਸ਼ਣ ਦੇ ਸਕਦਾ ਸੀ, ਜਦ ਕਿ ਇਸ ਦੇ ਨਾਲ-ਨਾਲ ਉਨ੍ਹਾਂ ਦਾ ਮਜ਼ਾਜ ਉਡਾ ਸਕਦਾ ਸੀ। **ਸਿਰ ਹਿਲਾਉਣਾ** ਨਫ਼ਰਤ ਦਾ ਇਕ ਚਿੰਨ੍ਹ ਸੀ (ਜ਼ਬੂਰ 22:7; ਯਿਰਮਿਯਾਹ 48:27; ਮੱਤੀ 27:39)।

ਆਇਤ 5. ਇਸ ਆਇਤ ਨੂੰ ਘੱਟੋ-ਘੱਟ ਦੋ ਵੱਖ-ਵੱਖ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। ਕੁਝ ਵਿਦਵਾਨ ਸੋਚਦੇ ਹਨ ਕਿ ਅੱਯੂਬ ਵਿਅੰਗਾਤਮਕ ਹੋ ਰਿਹਾ ਸੀ। ਵਿਲੀਅਮ ਡੀ. ਰੀਬਰਨ ਨੇ ਟਿੱਪਣੀ ਕੀਤੀ, “ਉਹ ਉਨ੍ਹਾਂ ਨੂੰ ਸ਼ਬਦਾਂ ਤੋਂ ਇਲਾਵਾ ਹੋਰ ਕੁਝ ਨਾ ਦੇ ਕੇ ਉਨ੍ਹਾਂ ਨੂੰ ਮਜ਼ਬੂਤ ਕਰ ਸਕਦਾ ਸੀ। ਇਹ ਕੋਈ ਅਸਲ ਹਮਦਰਦੀ ਨਹੀਂ ਹੈ।”[5] ਦੂਸਰੇ ਆਇਤ 4 ਨੂੰ ਇਸ ਆਇਤ ਦੇ ਵਿਪਰੀਤ ਸਮਝਦੇ ਹਨ। NLT ਬਾਈਬਲ ਇਸ ਦੀ ਸੰਖੇਪ ਵਿਆਖਿਆ ਇਸ ਤਰ੍ਹਾਂ ਕਰਦੀ ਹੈ: “ਪਰ ਇਹ ਉਹ ਨਹੀਂ ਜੋ ਮੈਂ ਕਰਾਂਗਾ। ਮੈਂ ਇਸ ਤਰੀਕੇ ਨਾਲ ਬੋਲਾਂਗਾ ਜੋ ਤੁਹਾਡੀ ਸਹਾਇਤਾ ਕਰਦਾ ਹੈ। ਮੈਂ ਤੁਹਾਡੇ ਦੁੱਖ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਾਂਗਾ।” ਇਹ ਬਾਅਦ ਦੀ ਵਿਆਖਿਆ ਸੁਨਹਿਰੀ ਨਿਯਮ ਦਾ ਪ੍ਰਗਟਾਵਾ ਹੈ: “ਅਤੇ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਤਿਹੋ ਜਿਹਾ ਕਰੋ” (ਲੂਕਾ 6:31; NIV)।

“ਪਰਮੇਸ਼ੁਰ ਮੇਰਾ ਵਿਰੋਧੀ ਬਣ ਗਿਆ ਹੈ” (16:6-17)

**6ਜੇ ਮੈਂ ਬੋਲਾਂ ਵੀ ਤਾਂ ਸੋਗ ਤੋਂ ਮੈਨੂੰ ਸਬਿਹਤਾ ਨਹੀਂ, ਅਤੇ ਜੇ ਮੈਂ ਚੁੱਪ ਰਹਾਂ, ਤਾਂ ਮੈਨੂੰ
ਕੀ ਅਰਾਮ ਹੁੰਦਾ ਹੈ? 7ਪਰ ਹੁਣ ਉਹ ਨੇ ਮੈਨੂੰ ਥਕਾ ਦਿੱਤਾ ਹੈ, ਤੈਂ ਮੇਰੇ ਸਾਰੇ ਆਰ ਪਰਵਾਰ
ਨੂੰ ਬਰਬਾਦ ਕੀਤਾ, 8ਤੈਂ ਮੈਨੂੰ ਘੁੱਟ ਕੇ ਫੜ ਲਿਆ ਹੈ, ਏਹ ਗਵਾਹੀ ਲਈ ਹੈ। ਮੇਰਾ ਮੜੱਪਣ
ਮੇਰੇ ਵਿਰੁੱਧ ਉੱਠ ਕੇ ਮੇਰੇ ਮੂੰਹ ਤੇ ਸਾਖੀ ਦਿੰਦਾ ਹੈ। 9ਉਹ ਦੇ ਕ੍ਰੋਧ ਨੇ ਮੈਨੂੰ ਪਾੜਿਆ ਤੇ
ਸਤਾਇਆ ਹੈ, ਉਹ ਨੇ ਮੇਰੇ ਉੱਤੇ ਆਪਣੇ ਦੰਦ ਕਰੀਚੇ, ਮੇਰਾ ਵਿਰੋਧੀ ਮੈਨੂੰ ਅੱਖਾਂ ਵਿਖਾਉਂਦਾ
ਹੈ। 10ਉਨ੍ਹਾਂ ਨੇ ਮੇਰੇ ਉੱਤੇ ਆਪਣੇ ਮੂੰਹ ਟੱਡੇ ਹਨ, ਛਿੱਬੀਆਂ ਦੇ ਕੇ ਉਨ੍ਹਾਂ ਨੇ ਮੇਰੇ ਚਪੇੜਾਂ
ਮਾਰੀਆਂ, ਓਹ ਮੇਰੇ ਵਿਰੁੱਧ ਰਲ ਕੇ ਇਕੱਠੇ ਹੁੰਦੇ ਹਨ। 11ਪਰਮੇਸ਼ੁਰ ਮੈਨੂੰ ਕੁਧਰਮੀਆਂ ਦੇ
ਵੱਸ ਪਾਉਂਦਾ ਹੈ, ਅਤੇ ਦੁਸ਼ਟਾਂ ਦੇ ਹੱਥਾਂ ਵਿੱਚ ਮੈਨੂੰ ਸੁੱਟਦਾ ਹੈ। 12ਮੈਂ ਸੁਖੀ ਸਾਂ ਪਰ ਉਹ ਨੇ
ਮੈਨੂੰ ਚੂਰ ਚਾਰ ਕਰ ਸੁੱਟਿਆ, ਅਤੇ ਮੈਨੂੰ ਧੌਣੋਂ ਫੜ ਲਿਆ ਤੇ ਪਟਕਾ ਪਟਕਾ ਕੇ ਮੈਨੂੰ ਭੰਨ
ਸੁੱਟਿਆ, ਉਹ ਨੇ ਮੈਨੂੰ ਆਪਣੇ ਨਿਸ਼ਾਨੇ ਲਈ ਖੜਾ ਕੀਤਾ। 13ਉਹ ਦੇ ਤੀਰ ਅੰਦਾਜ਼ ਮੈਨੂੰ**

ਆਲੇ ਦੁਆਲਿਓਂ ਘੇਰ ਲੈਂਦੇ ਹਨ, ਉਹ ਮੇਰੇ ਗੁਰਦਿਆਂ ਨੂੰ ਚੀਰਦਾ ਹੈ ਅਤੇ ਸਰਫਾ ਨਹੀਂ ਕਰਦਾ, ਉਹ ਮੇਰੇ ਪਿਤ ਨੂੰ ਧਰਤੀ ਉੱਤੇ ਡੋਹਲ ਦਿੰਦਾ ਹੈ। [14]ਉਹ ਤੇੜਾਂ ਤੇ ਤੇੜਾਂ ਪਾ ਕੇ ਮੈਨੂੰ ਤੋੜ ਸੁੱਟਦਾ ਹੈ, ਉਹ ਮੇਰੇ ਉੱਤੇ ਸੂਰਮੇ ਵਾਂਙੁ ਦੌੜਦਾ ਹੈ। [15]ਮੈਂ ਆਪਣੀ ਖੱਲ ਉੱਤੇ ਤੱਪੜ ਨੂੰ ਸੀਉਂ ਲਿਆ ਹੈ, ਮੈਂ ਆਪਣੇ ਸਿੰਙ ਨੂੰ ਖ਼ਾਕ ਵਿੱਚ ਗੋਥ ਲਿਆ ਹੈ। [16]ਮੇਰਾ ਮੂੰਹ ਰੋਣ ਨਾਲ ਲਾਲ ਹੋ ਗਿਆ, ਅਤੇ ਮੇਰੀਆਂ ਪਲਕਾਂ ਉੱਤੇ ਮੌਤ ਦਾ ਸਾਯਾ ਹੈ, [17]ਭਾਵੇਂ ਮੇਰੇ ਹੱਥਾਂ ਵਿੱਚ ਕੋਈ ਜ਼ੁਲਮ ਨਹੀਂ, ਅਤੇ ਮੇਰੀ ਪ੍ਰਾਰਥਨਾ ਪਾਕ ਹੈ।

ਅੱਯੂਬ ਨੇ ਇਸ ਪੈਰ੍ਹੇ ਵਿਚ ਆਪਣੇ ਦੁੱਖ ਦੀ ਵਿਆਖਿਆ ਨਹੀਂ ਪੁੱਛੀ। ਉਸ ਨੇ ਆਪਣੀ ਦੁਰਦਸ਼ਾ ਦੀ ਸਮੀਖਿਆ ਕੀਤੀ ਅਤੇ ਪਰਮੇਸ਼ੁਰ ਤੇ ਉਸ ਦੇ ਦੁਸ਼ਮਣ ਹੋਣ ਦਾ ਦੋਸ਼ ਲਾਇਆ। ਇਸ ਦੋਸ਼ ਵਿਚ, "ਅੱਯੂਬ ਉਹੀ ਗਲਤੀ ਕਰਦਾ ਹੈ ਜੋ ਉਸ ਦੇ ਮਿੱਤਰਾਂ ਨੇ ਉਸ ਉੱਤੇ ਵੱਡੀ ਬੁਰਿਆਈ ਦਾ ਦੋਸ਼ ਲਗਾਉਂਦਿਆਂ ਕੀਤੀ ਸੀ; ਦੋਵਾਂ ਮਾਮਲਿਆਂ ਵਿਚ, ਹਰ ਕੋਈ ਸੱਚਾਈ ਤੋਂ ਅਣਜਾਣ ਸੀ।"[6]

ਅੱਯੂਬ ਨੇ ਉਸ ਦੇ ਵਿਰੁੱਧ ਪਰਮੇਸ਼ੁਰ ਦੇ ਕੰਮਾਂ ਦੀ ਤੁਲਨਾ ਇਨ੍ਹਾਂ ਨਾਲ ਕੀਤੀ: ਇਕ ਜੰਗਲੀ ਜਾਨਵਰ (16:9); ਇਕ ਗੱਦਾਰ (16:11); ਇਕ ਪਹਿਲਵਾਨ (16:12); ਇਕ ਤੀਰਅੰਦਾਜ਼ (16:12, 13) ਅਤੇ ਇਕ ਸੂਰਮਾ (16:14)। ਇਨ੍ਹਾਂ ਵਰਣਨਾਂ ਦੀ ਭਾਸ਼ਾ ਅਤਿ ਤੀਬਰ ਹੈ। ਇਹ ਪੁਸਤਕ ਵਿਚ ਦਿੱਤੇ ਗਏ ਸਭ ਤੋਂ ਕਠੋਰ ਵਰਣਨਾਂ ਵਿੱਚੋਂ ਇਕ ਹੈ।

ਆਇਤ 6. ਅੱਯੂਬ ਦਾ **ਸੋਗ** ਉਸ ਦੇ ਨਾਲ ਰਿਹਾ, ਭਾਵੇਂ ਉਹ ਬੋਲਦਾ ਸੀ ਜਾਂ ਚੁੱਪ ਸੀ। ਉਸ ਨੇ ਇਨ੍ਹਾਂ ਆਸਾਂ ਨਾਲ ਬੋਲਦੇ ਰਹਿਣ ਦਾ ਫ਼ੈਸਲਾ ਕੀਤਾ ਕਿ ਪਰਮੇਸ਼ੁਰ ਉਸ ਨੂੰ ਸੁਣੇਗਾ ਅਤੇ ਜਵਾਬ ਦੇਵੇਗਾ।

ਆਇਤ 7. ਆਪਣੀ ਪਿਛਲੀ ਗੱਲਬਾਤ ਵਿਚ, ਅਲੀਫ਼ਜ਼ ਨੇ ਕਿਹਾ ਸੀ ਕਿ "ਅਧਰਮੀਆਂ ਦੀ ਮੰਡਲੀ ਨਿਸਫਲ ਹੁੰਦੀ ਹੈ" (15:34 ਤੇ ਟਿੱਪਣੀਆਂ ਵੇਖੋ)। ਅੱਯੂਬ ਨੇ ਪਰਮੇਸ਼ੁਰ ਉੱਤੇ ਉਸ ਦੇ **ਪਰਵਾਰ** (עֵדָה, *ਈਡਾਥ)* ਨੂੰ ਬਰਬਾਦ ਕਰਨ ਦਾ ਦੋਸ਼ ਲਾਉਂਦਿਆਂ ਪ੍ਰਤੀਕਰਮ ਦਿੱਤਾ - ਭਾਵੇਂ ਕਿ ਉਹ ਨਿਰਦੋਸ਼ ਸੀ। ਅੱਯੂਬ ਦਾ "ਪਰਵਾਰ" ਉਸ ਦੇ ਘਰਾਣੇ ਤੇ ਨਿਰਭਰ ਲੋਕਾਂ ਨੂੰ ਦਰਸਾਉਂਦਾ ਹੈ ਜਿਹੜੇ ਮਰ ਗਏ ਸਨ, ਜਿਨ੍ਹਾਂ ਵਿਚ ਵਿਚ ਉਸ ਦੇ ਪੁੱਤਰ, ਧੀਆਂ ਅਤੇ ਨੌਕਰ ਚਾਕਰ ਸ਼ਾਮਲ ਸਨ (1:13-19)।

ਆਇਤ 8. ਤੈਂ ਮੈਨੂੰ ਘੁੱਟ ਕੇ ਫੜ ਲਿਆ ਹੈ, ਏਹ ਗਵਾਹੀ ਲਈ ਹੈ। ਮੇਰਾ ਮੜੱਪਣ ਮੇਰੇ ਵਿਰੁੱਧ ਉੱਠ ਕੇ ਮੇਰੇ ਮੂੰਹ ਤੇ ਸਾਖੀ ਦਿੰਦਾ ਹੈ। ਇਨ੍ਹਾਂ ਸਮਾਨ ਸਤਰਾਂ ਵਿਚ, ਅੱਯੂਬ ਨੇ ਇਸ ਤੱਥ ਤੇ ਸੋਗ ਕੀਤਾ ਕਿ ਉਸ ਦੀ ਦੇਹ ਬਰਬਾਦ ਹੋ ਗਈ ਸੀ ("ਘੁੱਟ ਕੇ ਫੜ ਲਈ ਗਈ ਸੀ")। ਹਾਲਾਂਕਿ ਉਸ ਨੇ ਪਰਮੇਸ਼ੁਰ ਦੇ ਵਿਰੁੱਧ ਕੋਈ ਗੰਭੀਰ ਅਪਰਾਧ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਉਸ ਦੀ ਸਰੀਰਕ ਹਾਲਤ ਨੇ ਉਸ ਦੇ ਮਿੱਤਰਾਂ ਅਤੇ ਗੁਆਂਢੀਆਂ ਅੱਗੇ ਸਬੂਤ ("ਸਾਖੀ") ਦਾ ਕੰਮ ਕੀਤਾ ਕਿ ਉਸ ਨੇ ਗੰਭੀਰ ਅਪਰਾਧ ਕੀਤਾ ਸੀ। ਅੱਯੂਬ ਨੇ ਉਸ ਦੀ ਮੌਤ ਵਿਚ ਸ਼ਤਾਨ ਦੀ ਭੂਮਿਕਾ ਤੋਂ ਅਣਜਾਣ ਹੋ ਕੇ ਉਸ ਦੀ ਹਾਲਤ ਦੇ ਲਈ ਪਰਮੇਸ਼ੁਰ ਨੂੰ ਦੋਸ਼ੀ ਠਹਿਰਾਇਆ ਸੀ (ਵੇਖੋ 2:1-8)।

ਆਇਤ 9. ਅੱਯੂਬ ਨੇ ਪਰਮੇਸ਼ੁਰ ਤੇ ਉਸ ਵਿਰੁੱਧ ਹਮਲਾ ਕਰਨ ਦਾ ਦੋਸ਼ ਲਾਇਆ ਜਿਵੇਂ ਇਕ ਜੰਗਲੀ ਜਾਨਵਰ ਉਸ ਦੇ ਸ਼ਿਕਾਰ ਨਾਲ ਵਰਤਾਓ ਕਰਦਾ ਹੈ (ਵੇਖੋ 10:16)। **ਪਾੜਿਆ** ਸ਼ਬਦ ਇਬਰਾਨੀ ਕਿਰਿਆ שָׂטַם *(ਸੈਟਮ)* ਤੋਂ ਲਿਆ ਗਿਆ ਹੈ ਜਿਸ ਦਾ ਅਨੁਵਾਦ "ਨਫ਼ਰਤ," "ਗਿਲਾ ਰੱਖਣਾ," ਜਾਂ "ਹਮਲਾ ਕਰਨਾ" ਵੀ ਕੀਤਾ ਜਾ ਸਕਦਾ ਹੈ। ਹਾਰਟਲੀ ਨੇ ਇਬਰਾਨੀ

ਸ਼ਬਦ שָׂטָן *(ਸੈਟਨ)* ਦੇ ਸ਼ਬਦ ਦੀ ਆਵਾਜ਼ ਅਤੇ ਅਰਥ ਵਿਚ ਇਕ ਸਮਾਨਤਾ ਵੱਲ ਇਸ਼ਾਰਾ ਕੀਤਾ, ਜਿਸ ਨੂੰ "ਵਿਰੋਧੀ" ਜਾਂ "ਸ਼ਤਾਨ" ਕਿਹਾ ਜਾ ਸਕਦਾ ਹੈ (1:6, 7 ਤੇ ਟਿੱਪਣੀਆਂ ਵੇਖੋ)। ਉਸ ਨੇ ਲਿਖਿਆ,

> ਆਪਣੇ ਦੁੱਖ ਵਿਚ ਪਰਮੇਸ਼ੁਰ ਦੀ ਭੂਮਿਕਾ ਨੂੰ ਸਮਝਣ ਵਿਚ ਅਸਮਰੱਥ, ਅੱਯੂਬ ਨੂੰ ਡਰ ਹੈ ਕਿ ਪਰਮੇਸ਼ੁਰ ਉਸ ਦਾ ਦੁਸ਼ਮਣ ਬਣ ਗਿਆ ਹੈ। ... ਇਸ ਮਹੱਤਵਪੂਰਣ ਬਿੰਦੂ ਤੇ ਉਹ ਅਖੀਰ ਤੱਕ ਪਰਖਿਆ ਜਾਂਦਾ ਹੈ। ਆਪਣੇ ਦ੍ਰਿਸ਼ਟੀਕੋਣ ਤੋਂ ਉਸ ਨੂੰ ਹੈਰਾਨ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਜੇ ਪਰਮੇਸ਼ੁਰ ਜਿਸ ਦੇ ਉੱਤੇ ਉਸ ਨੇ ਭਰੋਸਾ ਕੀਤਾ ਹੈ ਅਸਲ ਵਿਚ ਉਸ ਦਾ ਸ਼ਤਾਨ [ਵਿਰੋਧੀ] ਨਹੀਂ ਹੈ।[7]

ਆਇਤ 10. ਅੱਯੂਬ ਨੇ ਉਹ ਸਾਰੀ ਇੱਜ਼ਤ ਗੁਆ ਦਿੱਤੀ ਸੀ ਜੋ ਉਸ ਨੇ ਆਪਣੇ ਲੋਕਾਂ ਵਿਚ ਇਕ ਵਾਰ ਇਕ ਸਤਿਕਾਰਯੋਗ ਆਗੂ ਵਜੋਂ ਪ੍ਰਾਪਤ ਕੀਤੀ ਸੀ (29:7-25)। ਸਨਮਾਨਿਤ ਅਤੇ ਪ੍ਰਸ਼ੰਸਾ ਕੀਤੇ ਜਾਣ ਦੀ ਬਜਾਇ, ਉਸ ਨਾਲ ਨਿਰਾਦਰੀ ਅਤੇ **ਛਿੱਬੀਆਂ** ਵਾਲਾ ਵਿਹਾਰ ਕੀਤਾ ਗਿਆ। ਲੋਕਾਂ ਨੇ ਆਪਣੇ ਚਿਹਰੇ ਦੇ ਹਾਵ ਭਾਵਾਂ, ਸਰੀਰਕ ਸ਼ੋਸ਼ਣ ਅਤੇ ਅਪਮਾਨਜਨਕ ਸ਼ਬਦਾਂ ਨਾਲ ਅੱਯੂਬ ਦਾ ਅਪਮਾਨ ਕੀਤਾ।

ਆਇਤ 11. ਅੱਯੂਬ ਨੇ ਪਰਮੇਸ਼ੁਰ ਨੂੰ ਇਕ ਗੱਦਾਰ ਦੇ ਰੂਪ ਵਿਚ ਦਰਸਾਇਆ ਜਿਸ ਨੇ ਉਸ ਨੂੰ ਦੁਸ਼ਮਣ ਦੇ **ਹੱਥਾਂ** ਵਿਚ ਦੇ ਦਿੱਤਾ ਸੀ। ਉਸ ਨੇ ਸਾਫ਼ ਤੌਰ ਤੇ ਆਪਣੇ ਆਪ ਨੂੰ ਮਿੱਤਰਾਂ ਦੇ ਇਲਜ਼ਾਮਾਂ ਨੂੰ ਰੱਦ ਕਰਦਿਆਂ **ਦੁਸ਼ਟਾਂ** ਤੋਂ ਵੱਖਰਾ ਕੀਤਾ (8:22; 11:20; 15:20-35)।

ਆਇਤਾਂ 12, 13. ਅੱਯੂਬ ਇਕ ਸਮੇਂ **ਸੁਖੀ** ਸੀ, ਖੁਸ਼ਹਾਲੀ ਵਿਚ ਜੀ ਰਿਹਾ ਸੀ। ਪਰ, ਪਰਮੇਸ਼ੁਰ ਨੇ ਉਸ ਉੱਤੇ ਇਕ ਪਹਿਲਵਾਨ ਦੇ ਵਾਂਗ ਹਮਲਾ ਕੀਤਾ ਸੀ। ਉਸ ਨੂੰ ਉਸ ਨੂੰ **ਧੌਣੋਂ** ਫੜ ਕੇ (ਵੇਖੋ ਉਤਪਤ 49:8), ਉਸ ਨੇ **ਪਟਕਾ ਪਟਕਾ ਕੇ** [ਉਸ ਨੂੰ] **ਭੰਨ ਸੁੱਟਿਆ** ਸੀ।

ਅਗਲੀ ਗੱਲ, ਪਰਮੇਸ਼ੁਰ ਨੂੰ ਇਕ ਤੀਰਅੰਦਾਜ਼ ਵਜੋਂ ਵੇਖਿਆ ਜਾਂਦਾ ਹੈ ਜੋ ਅੱਯੂਬ ਨੂੰ **ਨਿਸ਼ਾਨੇ** ਵਜੋਂ ਵਰਤਦਾ ਹੈ, ਉਸ ਉੱਤੇ **ਤੀਰਾਂ** ਨਾਲ ਹਮਲਾ ਕਰਦਾ ਹੈ (ਵੇਖੋ 6:4; 7:20)। ਕੁਝ ਅਨੁਵਾਦਾਂ ਵਿਚ "ਤੀਰਾਂ" ਦੀ ਥਾਂ "ਤੀਰ ਅੰਦਾਜ਼" ਹੈ (KJV; ASV; NIV; NRSV)। **ਉਹ ਮੇਰੇ ਗੁਰਦਿਆਂ ਨੂੰ ਚੀਰਦਾ ਹੈ ਅਤੇ ਸਰਫਾ ਨਹੀਂ ਕਰਦਾ, ਉਹ ਮੇਰੇ ਪਿਤ ਨੂੰ ਧਰਤੀ ਉੱਤੇ ਡੋਹਲ ਦਿੰਦਾ ਹੈ।** ਅੱਯੂਬ ਨੇ ਮਹਿਸੂਸ ਕੀਤਾ ਕਿ ਪਰਮੇਸ਼ੁਰ ਦੇ ਬਹੁਤ ਸਾਰੇ ਤੀਰ ਉਸ ਦੇ ਮਹੱਤਵਪੂਰਣ ਅੰਗਾਂ ਨੂੰ ਵਿੰਨ੍ਹ ਕੇ ਉਨ੍ਹਾਂ ਦੇ ਨਿਸ਼ਾਨੇ ਤੇ ਪਹੁੰਚ ਗਏ ਸਨ (ਵੇਖੋ ਜ਼ਬੂਰਾਂ 38:2; 64:7)।

ਆਇਤ 14. ਅੱਯੂਬ ਨੇ ਪਰਮੇਸ਼ੁਰ ਦੀ ਤੁਲਨਾ ਇਕ **ਸੂਰਮੇ** ਅਤੇ ਆਪਣੇ ਆਪ ਦੀ ਤੁਲਨਾ ਇਕ ਸ਼ਹਿਰ ਦੀ ਕੰਧ ਨਾਲ ਕੀਤੀ ਜੋ ਹਮਲੇ ਦੇ ਅਧੀਨ ਹੈ। **ਤੇੜ** ਇਕ ਕੰਧ ਵਿਚ ਜਗ੍ਹਾ ਸੀ ਜਿਸ ਨੂੰ ਤੋੜਿਆ ਗਿਆ ਸੀ, ਆਮ ਤੌਰ ਤੇ ਇਕ ਮੇਖ ਦੁਆਰਾ (ਹਿਜ਼ਕੀਏਲ 4:2; 21:22; 26:9)। ਪਰਮੇਸ਼ੁਰ ਦੁਆਰਾ ਲਗਾਤਾਰ ਸੱਟਾਂ ਮਾਰਨ ਤੋਂ ਬਾਅਦ, ਅੱਯੂਬ ਇਕ ਬਚਾਅ ਰਹਿਤ ਸ਼ਹਿਰ ਵਰਗਾ ਸੀ ਜੋ ਪੂਰੀ ਤਰ੍ਹਾਂ ਨਾਸ ਹੋਣ ਲਈ ਦੁਸ਼ਮਣ ਦੇ ਪ੍ਰਤੀ ਉਜਾਗਰ ਸੀ।

ਆਇਤ 15. **ਤੱਪੜ** ਅਕਸਰ ਸੋਗ ਅਤੇ ਦੁੱਖ ਸਮੇਂ ਪਹਿਨੇ ਜਾਂਦੇ ਸਨ (ਜ਼ਬੂਰਾਂ 30:11; 35:13; ਯਸਾਯਾਹ 15:3; ਯਿਰਮਿਯਾਹ 6:26; ਯੋਏਲ 1:8)। "ਸਿੰਙ ਉੱਚਾ ਕਰਨਾ" ਤਾਕਤ, ਮਾਣ ਅਤੇ ਛੁਟਕਾਰੇ ਦਾ ਸੰਕੇਤ ਦਿੰਦਾ ਹੈ (ਜ਼ਬੂਰਾਂ 75:4, 5, 10; 89:17, 24)। ਇਹ ਸ਼ਬਦਾਵਲੀ ਇਕ ਮਜ਼ਬੂਤ ਜਾਨਵਰ ਦੀ ਤਸਵੀਰ ਤੇ ਅਧਾਰਤ ਸੀ, ਜਿਵੇਂ ਕਿ ਜੰਗਲੀ ਸਾਂਢ

(ਜ਼ਬੂਰ 92:10)। ਇਸ ਨੂੰ ਉੱਚਾ ਕਰਨ ਦੀ ਬਜਾਇ, ਅੱਯੂਬ ਨੇ ਕਿਹਾ ਕਿ ਉਸ ਨੇ **ਆਪਣੇ ਸਿੰਙ ਨੂੰ ਖਾਕ ਵਿੱਚ ਗੋਥ ਲਿਆ।** ਉਹ ਕਮਜ਼ੋਰੀ, ਬਦਨਾਮੀ ਅਤੇ ਤਿਆਗ ਤੇ ਜ਼ੋਰ ਦੇ ਰਿਹਾ ਸੀ ਜੋ ਉਸ ਨੇ ਮਹਿਸੂਸ ਕੀਤਾ।

ਆਇਤ 16. ਅੱਯੂਬ ਨੇ ਉਸ ਉੱਤੇ ਆਈਆਂ ਅਜ਼ਮਾਇਸ਼ਾਂ ਬਾਰੇ ਆਪਣੀ ਪ੍ਰਤੀਕਿਰਿਆ ਬਾਰੇ ਦੱਸਿਆ। ਉਹ ਇੰਨਾ ਰੋਇਆ ਕਿ ਉਸ ਦਾ **ਮੂੰਹ** ਰੋਣ ਨਾਲ ਲਾਲ ਹੋ ਗਿਆ ਅਤੇ ਉਸ ਦੀਆਂ **ਪਲਕਾਂ** ਉੱਤੇ ਸਾਯਾ ਹੋ ਗਿਆ ਸੀ। ਉਸ ਦੇ ਕਸ਼ਟ ਦੀ ਤੀਬਰਤਾ ਇਸ ਵਰਣਨ ਤੋਂ ਸਪੱਸ਼ਟ ਹੈ।

ਆਇਤ 17. ਭਾਵੇਂ ਮੇਰੇ ਹੱਥਾਂ ਵਿੱਚ ਕੋਈ ਜ਼ੁਲਮ ਨਹੀਂ, ਅਤੇ ਮੇਰੀ ਪ੍ਰਾਰਥਨਾ ਪਾਕ ਹੈ। ਅੱਯੂਬ ਨੇ ਬਾਅਦ ਵਿਚ ਜ਼ੋਰ ਦੇ ਕੇ ਕਿਹਾ ਕਿ ਉਸ ਦੇ ਹੱਥ ਸਾਫ਼ ਸਨ: "ਮੇਰੇ ਹੱਥਾਂ ਤੇ ਕੋਈ ਦਾਗ਼ [ਨਾ] ਲੱਗ ਹੋਵੇ" (31:7)। ਰੀਬਰਨ ਨੇ ਟਿੱਪਣੀ ਕੀਤੀ, "ਪ੍ਰਾਰਥਨਾ ਦੇ ਸੰਬੰਧ ਵਿਚ *ਪਾਕ* ਦਾ ਮਤਲਬ ਹੈ ਪਰਮੇਸ਼ੁਰ ਦਾ ਸਤਿਕਾਰ ਕਰਨਾ ਅਤੇ ਆਦਰ ਕਰਨਾ।"[8] ਆਪਣੀਆਂ ਗੱਲਾਂਬਾਤਾਂ ਦੌਰਾਨ, ਅੱਯੂਬ ਨੇ ਵਿਰੋਧ ਕੀਤਾ ਕਿ ਉਸ ਦਾ ਦੁੱਖ ਕਿਸੇ ਵੱਡੇ ਪਾਪ ਕਾਰਨ ਨਹੀਂ ਆਇਆ ਸੀ (6:10; 12:4; 13:18; 27:5, 6)।

"ਸੁਰਗ ਵਿੱਚ ਮੇਰੀ ਸਾਖੀ ਹੈ" (16:18-22)

[18]ਹੇ ਧਰਤੀ, ਮੇਰੇ ਲਹੂ ਨੂੰ ਨਾ ਲੁਕਾ, ਅਤੇ ਮੇਰੀ ਦੁਹਾਈ ਲਈ ਕੋਈ ਥਾਂ ਨਾ ਹੋਵੇ। [19]ਪਰ ਹੁਣ ਵੇਖੋ, ਸੁਰਗ ਵਿੱਚ ਮੇਰੀ ਸਾਖੀ ਹੈ, ਅਤੇ ਮੇਰਾ ਗਵਾਹ ਉਚਿਆਈਆਂ ਉੱਤੇ ਹੈ। [20]ਮੇਰੇ ਮਿੱਤਰ ਮੇਰਾ ਮਖ਼ੌਲ ਉਡਾਉਂਦੇ ਹਨ, ਮੇਰੀ ਅੱਖ ਪਰਮੇਸ਼ੁਰ ਦੇ ਅੱਗੇ ਰੋਂਦੀ ਹੈ, [21]ਭਈ ਕੋਈ ਪਰਮੇਸ਼ੁਰ ਨਾਲ ਪੁਰਖ ਲਈ ਬਹਿਸ ਕਰੇ, ਜਿਵੇਂ ਆਦਮ ਵੰਸ ਆਪਣੇ ਮਿੱਤ੍ਰ ਲਈ ਕਰਦਾ ਹੈ, [22]ਕਿਉਂ ਜੋ ਥੋੜਿਆਂ ਵਰਿਹਾਂ ਦੇ ਆਉਣ ਤੇ ਮੈਂ ਉਸ ਰਾਹ ਚੱਲਾ ਜਾਵਾਂਗਾ ਜਿੱਥੋਂ ਮੈਂ ਨਹੀਂ ਮੁੜਾਂਗਾ।

ਇਸ ਗੱਲਬਾਤ ਦੇ ਵਿਚ ਅਸੀਂ ਇਕ ਉਮੀਦ ਦੀ ਕਿਰਨ ਵੇਖਦੇ ਹਾਂ। ਰੌਬਰਟ ਐਲ. ਐਲਡਨ ਨੇ ਟਿੱਪਣੀ ਕੀਤੀ, "ਮੰਨਿਆ ਕਿ ਅੱਯੂਬ ਅਸੰਗਤ ਸੀ। ਜਿਹੜੇ ਲੋਕ ਦੁੱਖ ਅਤੇ ਬਿਮਾਰੀ ਦੇ ਦੌਰ ਵਿਚ ਵੀ ਵਿਅਕਤੀ ਦੀ ਇਕਸਾਰਤਾ ਦੀ ਮੰਗ ਕਰਦੇ ਹਨ, ਉਨ੍ਹਾਂ ਸਕਾਰਾਤਮਕ ਬੰਦਾਂ ਨੂੰ ਸਮਝਾਉਂਦੇ ਹਨ ਜਿਹੜੇ ਸੰਕਲਪ, ਰੱਬੀ ਪ੍ਰਬੰਧ ਅਤੇ ਮੌਤ ਤੋਂ ਬਾਅਦ ਜ਼ਿੰਦਗੀ ਦੇ ਸੰਕੇਤ ਦਿੰਦੇ ਹਨ।"[9]

ਆਇਤ 18. ਹੇ ਧਰਤੀ, ਮੇਰੇ ਲਹੂ ਨੂੰ ਨਾ ਲੁਕਾ। ਜਦੋਂ ਕਇਨ ਨੇ ਆਪਣੇ ਧਰਮੀ ਭਰਾ ਹਾਬਲ ਦਾ ਕਤਲ ਕਰ ਦਿੱਤਾ, ਯਹੋਵਾਹ ਨੇ ਉਸ ਨੂੰ ਕਿਹਾ, "ਤੈਂ ਕੀ ਕੀਤਾ? ਤੇਰੇ ਭਰਾ ਦੇ ਲਹੂ ਦੀ ਅਵਾਜ਼ ਜ਼ਮੀਨ ਵੱਲੋਂ ਮੇਰੇ ਅੱਗੇ ਦੁਹਾਈ ਦਿੰਦੀ ਹੈ" (ਉਤਪਤ 4:10)। ਅੱਯੂਬ ਨੇ ਆਪਣੀ ਤੁਲਨਾ "ਕਤਲ ਦੇ ਨਿਰਦੋਸ਼ ਸ਼ਿਕਾਰ ਨਾਲ ਕੀਤੀ।"[10] **ਅਤੇ ਮੇਰੀ ਦੁਹਾਈ ਲਈ ਕੋਈ ਥਾਂ ਨਾ ਹੋਵੇ।** ਐਲਡਨ ਨੇ ਦੱਸਿਆ ਕਿ "ਅੱਯੂਬ ਚਾਹੁੰਦਾ ਸੀ ਕਿ ਦਫ਼ਨਾਉਣ ਦੀ ਬਜਾਇ ਉਸ ਦੇ 'ਰੋਣ' ਦਾ ਜਵਾਬ ਦਿੱਤਾ ਜਾਵੇ।"[11]

ਆਇਤ 19. ਨਿਆਂ ਲਈ ਅੱਯੂਬ ਦੀ ਆਸ **ਸਾਖੀ** (עֵד, *ਏਡ*) ਜਾਂ **ਗਵਾਹ** (שָׂהֵד, *ਸਾਹੇਡ*) ਲਈ ਉਸ ਦੀ ਇੱਛਾ ਨਾਲ ਪਰਗਟ ਕੀਤੀ ਗਈ ਸੀ। ਪੁਰਸ਼ ਨਾਂਵ "ਗਵਾਹ" ਪੁਰਾਣੇ ਨੇਮ ਵਿਚ ਇਕ ਵਾਰ ਇੱਥੇ ਹੀ ਆਉਂਦਾ ਹੈ। "ਸਾਖੀ" ਸ਼ਬਦ ਹੋਰ ਕਿਤੇ ਵੀ ਮਨੁੱਖਾਂ ਤੇ ਲਾਗੂ ਹੁੰਦਾ ਹੈ (ਬਿਵਸਥਾ ਸਾਰ 19:15; ਕਹਾਉਤਾਂ 14:5, 25; ਯਸਾਯਾਹ 55:4), ਪਰ ਇੱਥੇ ਹਵਾਲਾ

ਪਰਮੇਸ਼ੁਰ ਦਾ ਹੈ ਕਿਉਂਕਿ ਉਹ ਸੁਰਗ ਵਿੱਚ ਹੈ। ਰੌਬਰਟ ਗੋਰਡਿਸ ਨੇ ਲਿਖਿਆ,

> ਅੱਯੂਬ ਅਤੇ ਉਸ ਦੇ ਮਿੱਤਰਾਂ ਵਿਚਕਾਰ ਗੱਲਬਾਤ ਹੁਣ ਗਾਇਬ ਹੋ ਗਈ ਹੈ। ਪਰਮੇਸ਼ੁਰ ਬਾਰੇ ਉਨ੍ਹਾਂ ਦੀ ਧਾਰਣਾ ਉਸ ਲਈ ਅਰਥਹੀਣ ਹੈ। ਉਹ ਇਕ ਨਵੀਂ ਨਿਹਚਾ ਦੀ ਖੋਜ ਕਰਨ ਲਈ ਅੱਗੇ ਵੱਧਦਾ ਹੈ - ਉਸ ਦੀ ਬੇਅੰਤ ਦੁੱਖ ਦੀ ਸਲੀਬ ਵਿਚ ਬਣਾਇਆ ਹੋਇਆ ਇਕ ਵਿਸ਼ਵਾਸ, ਉਸ ਦੀ ਆਪਣੀ ਨਿਰਦੋਸ਼ਤਾ ਦੇ ਗਿਆਨ ਜਿੰਨਾ ਅਟੱਲ ਹੈ - ਵਿਸ਼ਵਸ ਹੈ ਕਿ ਮਨੁੱਖ ਦੇ ਦੁੱਖਾਂ ਦੇ ਜ਼ੁਲਮ ਦੇ ਪਿੱਛੇ ਇਕ ਨਿਰਣਾਇਕ ਕ੍ਰਮ ਦੁਨੀਆਂ ਵਿਚ ਮੌਜੂਦ ਹੋਣਾ ਚਾਹੀਦਾ ਹੈ।[12]

ਇਸ ਵਿਚਾਰ ਨੂੰ 19:23-27 ਵਿਚ ਹੋਰ ਵੀ ਵਿਸਤਾਰ ਦਿੱਤਾ ਜਾਵੇਗਾ। ਦੋਹਾਂ ਦੀ "ਸਾਖੀ" (16:19) ਅਤੇ "ਨਿਸਤਾਰਾ ਦੇਣ ਵਾਲਾ" (19:25) ਪਰਮੇਸ਼ੁਰ ਦੇ ਹਵਾਲਿਆਂ ਵਜੋਂ ਵਿਆਖਿਆ ਕਰਨ ਉੱਤਮ ਹੈ।[13]

ਆਇਤ 20. ਮੇਰੇ ਮਿੱਤਰ ਮੇਰਾ ਮਖ਼ੌਲ ਉਡਾਉਂਦੇ ਹਨ। "ਮਖ਼ੌਲ ਉਡਾਉਂਦੇ ਹਨ" ਇਬਰਾਨੀ ਕਿਰਿਆ ליץ *(ਲਿਟਸ)* ਦੇ ਕਿੰਦਰਤ ਰੂਪ ਦਾ ਅਨੁਵਾਦ ਕਰਦਾ ਹੈ। ਇਹ ਲੋਕ ਧੱਕੇਬਾਜ਼, ਅਪਮਾਨਜਨਕ ਅਤੇ ਹੰਕਾਰੀ ਹਨ; ਉਨ੍ਹਾਂ ਨੇ ਜਾਣਬੁੱਝ ਕੇ ਚੰਗਿਆਈ ਵੱਲ ਆਪਣੀ ਪਿੱਠ ਮੋੜ ਲਈ ਸੀ। ਕਹਾਉਤਾਂ ਵਿਚ ਇਹ ਸਪੱਸ਼ਟ ਹੈ ਕਿ ਉਨ੍ਹਾਂ ਦਾ ਮਾਨਸਿਕ ਰਵੱਈਆ, ਮਾਨਸਿਕ ਸਮਰੱਥਾ ਨਹੀਂ, ਉਨ੍ਹਾਂ ਨੂੰ ਇਸ ਸ਼੍ਰੇਣੀ ਵਿਚ ਸ਼੍ਰੇਣੀਬੱਧ ਕਰਦਾ ਹੈ। ਮਖ਼ੌਲ ਉਡਾਉਣ ਵਾਲਿਆਂ ਸੰਬੰਧੀ, ਡੈਰਕ ਕਿਡਨਰ ਨੇ ਲਿਖਿਆ, "ਉਹ ਜੋ ਸ਼ਰਾਰਤ ਕਰਦਾ ਹੈ ਉਹ ਆਮ ਮੂਰਖ ਦੀ ਬੇਤਰਤੀਬ ਸ਼ਰਾਰਤ ਨਹੀਂ, ਬਲਕਿ 'ਪਰਦਾਫ਼ਾਸ਼ ਕਰਨ ਵਾਲੇ' ਅਤੇ ਜਾਣਬੁੱਝ ਕੇ ਮੁਸੀਬਤ ਖੜ੍ਹੀ ਕਰਨ ਵਾਲੇ ਦਾ ਡੂੰਘਾ ਨੁਕਸਾਨ (ਕਹਾਉਤਾਂ) 21:24; 22:10; 29:8)।"[14]

ਆਇਤ 21. ਬਹਿਸ ਕਰਨਾ ਸ਼ਬਦ ਉਹੀ ਇਬਰਾਨੀ ਮੂਲ ਸ਼ਬਦ (יָכַח, *ਯਾਕਾਚ)* ਤੋਂ ਆਇਆ ਹੈ ਜਿਵੇਂ ਕਿ 9:33 ਵਿਚ "ਸਾਲਸ" ਸ਼ਬਦ ਹੈ। ਪਰ, ਇਸ ਮਾਮਲੇ ਵਿਚ, ਅੱਯੂਬ ਨੇ ਸਿੱਧੇ ਤੌਰ ਤੇ ਪਰਮੇਸ਼ੁਰ ਨਾਲ ਇਸ ਤਰ੍ਹਾਂ ਗੱਲ ਕਰਨ ਦੀ ਕਲਪਨਾ ਕੀਤੀ ਸੀ **ਜਿਵੇਂ ਆਦਮ ਵੰਸ ਆਪਣੇ ਮਿੱਤ੍ਰ ਲਈ ਕਰਦਾ ਹੈ।** ਇਹ ਸੱਚਮੁੱਚ ਇਕ ਸ਼ਾਨਦਾਰ ਵਿਚਾਰ ਹੈ!

ਆਇਤ 22. ਕਿਉਂ ਜੋ ਥੋੜਿਆਂ ਵਰਿਹਾਂ ਦੇ ਆਉਣ ਤੇ ਮੈਂ ਉਸ ਰਾਹ ਚੱਲਾ ਜਾਵਾਂਗਾ ਜਿੱਥੋਂ ਮੈਂ ਨਹੀਂ ਮੁੜਾਂਗਾ। ਅੱਯੂਬ ਨੂੰ ਅਹਿਸਾਸ ਹੋ ਗਿਆ ਕਿ ਉਸ ਕੋਲ ਰਹਿਣ ਲਈ ਥੋੜ੍ਹਾ ਸਮਾਂ ਸੀ। ਪਹਿਲੀ ਗੱਲਬਾਤ ਵਿਚ ਅੱਯੂਬ ਨੇ ਕਿਹਾ, "ਕੀ ਮੇਰੇ ਦਿਨ ਥੋੜੇ ਨਹੀਂ? ਹੁਣ ਤਾਂ ਹਟ, ਅਤੇ ਮੈਨੂੰ ਛੱਡ ਭਈ ਮੈਂ ਥੋੜੀ ਜਿਹੀ ਸ਼ਾਂਤੀ ਪਾਵਾਂ, ਇਸ ਤੋਂ ਪਹਿਲਾਂ ਕਿ ਮੈਂ ਜਾਵਾਂ ਜਿੱਥੋਂ ਫੇਰ ਨਾ ਮੁੜਾਂ, ਅਨ੍ਹੇਰੇ ਤੇ ਮੌਤ ਦੇ ਸਾਯੇ ਦੇ ਦੇਸ ਨੂੰ" (10:20, 21)। ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਅਗਲੇ ਅਧਿਆਇ ਵਿਚ ਆਇਤ 22 ਦਾ ਵਿਚਾਰ ਜਾਰੀ ਹੈ।

ਪ੍ਰਾਸੰਗਿਕਤਾ

"ਮੇਰਾ ਗਵਾਹ ਉਚਿਆਈਆਂ ਉੱਤੇ ਹੈ" (ਅਧਿਆਇ 15)

ਭਾਵੇਂ ਕਿ ਇਸ ਪੁਸਤਕ ਦੀ ਸ਼ੁਰੂਆਤ ਵਿਚ ਸ਼ਤਾਨ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ, "ਦੁਸ਼ਟ" ਹਾਲੇ ਵੀ ਇਸ ਸ਼ਕਤੀਸ਼ਾਲੀ ਕਾਵਿ ਕਹਾਣੀ ਵਿਚ ਵਿਰੋਧੀ ਸੀ। ਸ਼ਤਾਨ ਨਿਰੰਤਰ "ਬੁਕਦੇ ਸ਼ੀਂਹ ਵਾਂਙੁ ਭਲਾਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵੇ" (1 ਪਤਰਸ 5:8)। ਇਸ ਕਹਾਣੀ ਵਿਚ ਪਰਦੇ ਦੇ ਪਿੱਛੇ ਅਤੇ ਕਿਸੇ ਤੋਂ ਵੀ ਅਣਜਾਣ, ਸ਼ਤਾਨ ਅੱਯੂਬ ਤੇ ਹਮਲਾ ਕਰਨ

ਅਤੇ ਫਿਰ ਉਸ ਨੂੰ ਪਾੜਨ, ਉਸ ਦੀ ਨਿਹਚਾ ਨੂੰ ਖਤਮ ਕਰਨ ਲਈ ਆਪਣੇ ਹਥਿਆਰ ਘਰ ਵਿੱਚੋਂ ਹਰੇਕ ਹਥਿਆਰ ਨੂੰ ਵਰਤ ਰਿਹਾ ਸੀ। "ਦੁਸ਼ਟ ਦੇ ਸਾਰੇ ਅਗਣ ਬਾਣ" (ਅਫ਼ਸੀਆਂ 6:16) ਮੌਖਿਕ ਤੌਰ ਤੇ ਅੱਯੂਬ ਤੇ ਚਲਾਏ ਜਾ ਰਹੇ ਸਨ ਅਤੇ ਅਫ਼ਸੋਸ ਦੀ ਗੱਲ ਹੈ ਕਿ ਉਹ ਅੱਯੂਬ ਨੇ ਤਿੰਨ ਮਿੱਤਰਾਂ ਦੇ ਇਲਜ਼ਾਮ ਲਾਉਣ ਵਾਲੇ ਸ਼ਬਦਾਂ ਤੋਂ ਆ ਰਹੇ ਸਨ।

ਪਰਕਾਸ਼ ਦੀ ਪੋਥੀ 12:10 ਸਾਨੂੰ ਦੱਸਦੀ ਹੈ ਕਿ ਸ਼ਤਾਨ "ਸਾਡੇ ਭਰਾਵਾਂ ਨੂੰ ਦੋਸ਼ ਲਾਉਣ ਵਾਲਾ" ਹੈ। ਪਰਮੇਸ਼ੁਰ ਦਾ ਵਿਰੋਧੀ ਹੋਣ ਦੇ ਨਾਤੇ, ਸ਼ਤਾਨ ਉਨ੍ਹਾਂ ਦੇ ਭਰਾ ਅੱਯੂਬ ਉੱਤੇ ਦੋਸ਼ ਲਾਉਣ ਲਈ ਅਲੀਫ਼ਜ਼, ਬਿਲਦਦ ਅਤੇ ਸੋਫ਼ਰ ਨੂੰ ਇਸਤੇਮਾਲ ਕਰ ਰਿਹਾ ਸੀ। ਜਿਵੇਂ ਕਿ ਅੱਯੂਬ ਕੋਲ ਉਸ ਦੀ ਬਦਕਿਸਮਤੀ ਵਿਚ ਸ਼ਤਾਨ ਦੇ ਸ਼ਾਮਲ ਹੋਣ ਦਾ ਕੋਈ ਸੁਰਾਗ ਨਹੀਂ ਸੀ, ਅੱਯੂਬ ਦੇ ਮਿੱਤਰ ਇਸ ਤੱਥ ਤੋਂ ਅਣਜਾਣ ਸਨ ਕਿ ਸ਼ਤਾਨ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ (ਵੇਖੋ 2 ਕੁਰਿੰਥੀਆਂ 2:11)। ਸ਼ਤਾਨ ਅੱਯੂਬ ਦੇ ਦਿਮਾਗ ਅਤੇ ਦਿਲ ਵਿਚ ਪੈਰ ਜਮਾਉਣ ਲਈ ਉਨ੍ਹਾਂ ਦੇ ਬੇਰਹਿਮੀ ਵਾਲੇ, ਦੋਸ਼ ਲਾਉਣ ਵਾਲੇ ਸ਼ਬਦ ਇਸਤੇਮਾਲ ਕਰ ਰਿਹਾ ਸੀ। ਕਿਉਂਕਿ ਅੱਯੂਬ ਦਾ ਇਕ ਬਹੁਤ ਵੱਡਾ ਦੁਸ਼ਮਣ ਸੀ; ਉਸ ਨੂੰ ਇਕ ਗਵਾਹ ਲੱਭਣ ਦੀ ਲੋੜ ਸੀ ਜੋ ਬਲ ਅਤੇ ਸਹਾਇਤਾ ਦੀ ਪੇਸ਼ਕਸ਼ ਕਰਦਿਆਂ ਉਸ ਨੇ ਨਾਲ ਆਵੇ। ਇਸ ਅਧਿਆਇ ਵਿਚ, ਅੱਯੂਬ ਆਪਣੀ ਨਿਹਚਾ ਦੇ ਸਰੋਵਰ ਦੀ ਡੂੰਘਿਆਈ ਵਿਚ ਪਹੁੰਚੇਗਾ ਅਤੇ ਆਪਣੇ ਸੱਚੇ ਗਵਾਹ ਨੂੰ ਲੱਭੇਗਾ।

ਅੱਯੂਬ ਦੀ ਕਹਾਣੀ ਸਾਨੂੰ ਦ੍ਰਿੜ੍ਹ ਰਹਿਣ ਅਤੇ ਸਾਡੀ ਨਿਹਚਾ ਵਿਚ ਕਾਇਮ ਰਹਿਣ ਲਈ ਉਤਸ਼ਾਹਤ ਕਰਦੀ ਹੈ। ਜਦੋਂ ਸਾਨੂੰ ਪਰਤਾਇਆ ਜਾਂਦਾ ਅਤੇ ਪਰਖਿਆ ਜਾਂਦਾ ਹੈ, ਅਸੀਂ ਜਾਣਦੇ ਹਾਂ ਕਿ ਅਸੀਂ ਇਕੱਲੇ ਨਹੀਂ ਹਾਂ। ਪਤਰਸ ਨੇ ਲਿਖਿਆ,

> ਤੁਸੀਂ ਆਪਣੀ ਨਿਹਚਾ ਵਿੱਚ ਤਕੜੇ ਹੋ ਕੇ ਉਹ [ਸ਼ਤਾਨ] ਦਾ ਸਾਹਮਣਾ ਕਰੋ ਇਹ ਜਾਣ ਕੇ ਜੋ ਤੁਹਾਡੇ ਗੁਰਭਾਈ ਜਿਹੜੇ ਜਗਤ ਵਿੱਚ ਹਨ ਓਹਨਾਂ ਨੂੰ ਵੀ ਏਹੋ ਦੁਖ ਸਹਿਣੇ ਪੈਂਦੇ ਹਨ। ਅਤੇ ਪਰਮ ਕਿਰਪਾਲੂ ਪਰਮੇਸ਼ੁਰ ਜਿਹ ਨੇ ਤੁਹਾਨੂੰ ਆਪਣੇ ਸਦੀਪਕ ਤੇਜ ਦੇ ਲਈ ਮਸੀਹ ਵਿੱਚ ਸੱਦਿਆ ਜਦ ਤੁਸਾਂ ਥੋੜਾ ਚਿਰ ਦੁਖ ਭੋਗ ਲਿਆ ਤਾਂ ਆਪੇ ਤੁਹਾਨੂੰ ਕਾਮਿਲ, ਕਾਇਮ ਅਤੇ ਤਕੜਿਆਂ ਕਰੇਗਾ (1 ਪਤਰਸ 5:9, 10)।

ਅੱਯੂਬ ਨੂੰ ਕਿਸੇ ਗਵਾਹ ਦੀ ਲੋੜ ਸੀ ਜੋ ਉਸ ਨੂੰ ਮਜ਼ਬੂਤ ਅਤੇ ਸਥਾਪਤ ਕਰਦਾ। ਮਸੀਹੀ ਹੋਣ ਦੇ ਨਾਤੇ, ਸਾਡੇ ਕੋਲ ਗਵਾਹ ਹੈ ਜੋ ਉਚਿਆਈਆਂ ਉੱਤੇ ਹੈ ਅਤੇ ਉਹ ਸਾਨੂੰ ਵੀ ਮਜ਼ਬੂਤ ਅਤੇ ਸਥਾਪਤ ਕਰੇਗਾ।

ਅੱਯੂਬ ਦੇ ਮਿੱਤਰ "ਦੁਖ ਦਾਇਕ ਤਸੱਲੀ ਦੇਣ ਵਾਲੇ" ਸਨ। ਅੱਯੂਬ ਹੁਣ ਉਸ ਮੁਕਾਮ ਤੇ ਸੀ ਜਿੱਥੇ ਉਹ ਨਹੀਂ ਜਾਣਦਾ ਸੀ ਕਿ ਉਸ ਤੇ ਦੋਸ਼ ਲਾਉਣ ਵਾਲਿਆਂ ਨੂੰ ਕੀ ਕਹਿਣਾ ਜਾਂ ਕਿਵੇਂ ਜਵਾਬ ਦੇਣਾ ਹੈ। ਅੱਯੂਬ ਨੇ ਤਿੰਨਾਂ ਦੋਸ਼ ਲਾਉਣ ਵਾਲਿਆਂ ਵੱਲ ਵੇਖਿਆ ਅਤੇ, ਸਿੱਧੇ ਢੰਗ ਨਾਲ, ਉਸ ਨੇ ਉਨ੍ਹਾਂ ਨੂੰ "ਦੁਖ ਦਾਇਕ ਤਸੱਲੀ ਦੇਣ ਵਾਲੇ" ਕਿਹਾ (16:2)। ਅੱਯੂਬ ਦੇ ਤਿੰਨ ਮਿੱਤਰ ਦਿਨ ਪ੍ਰਤੀ ਦਿਨ ਉਸ ਦੇ ਨਾਲ ਸਨ, ਪਰ ਉਹ ਉਸ ਨੂੰ ਤਸੱਲੀ ਅਤੇ ਹੌਸਲਾ ਨਹੀਂ ਦੇ ਰਹੇ ਸਨ।

ਬਾਈਬਲ ਸਾਨੂੰ ਇਕ ਦੂਜੇ ਨੂੰ ਤਸੱਲੀ ਅਤੇ ਹੌਸਲਾ ਦੇਣਾ ਸਿਖਾਉਂਦੀ ਹੈ। ਇਬਰਾਨੀਆਂ 3:13 ਸਾਨੂੰ ਦੱਸਦੀ ਹੈ ਕਿ "ਇੱਕ ਦੂਏ ਨੂੰ ਉਪਦੇਸ਼ ਕਰਿਆ ਕਰੋ।" 2 ਕੁਰਿੰਥੀਆਂ 1:3, 4 ਵਿਚ, ਪੌਲੁਸ ਨੇ ਲਿਖਿਆ, "ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹੜਾ ਦਿਆਲਗੀਆਂ ਦਾ ਪਿਤਾ ਅਤੇ ਸਰਬ ਦਿਲਾਸੇ ਦਾ ਪਰਮੇਸ਼ੁਰ ਹੈ। ਜੋ ਸਾਡੀਆਂ

ਸਾਰੀਆਂ ਬਿਪਤਾਂ ਵਿੱਚ ਸਾਨੂੰ ਦਿਲਾਸਾ ਦਿੰਦਾ ਹੈ ਭਈ ਅਸੀਂ ਉਸੇ ਦਿਲਾਸੇ ਤੋਂ ਜਿਹ ਨੂੰ ਅਸਾਂ ਪਰਮੇਸ਼ੁਰ ਵੱਲੋਂ ਪਾਇਆ ਹੈ ਓਹਨਾਂ ਨੂੰ ਹਰ ਬਿਪਤਾਂ ਵਿੱਚ ਦਿਲਾਸਾ ਦੇਣ ਜੋਗ ਹੋਈਏ।"

ਅੱਯੂਬ ਅਸਲ ਵਿਚ ਬਿਪਤਾ ਵਿਚ ਸੀ, ਪਰ ਅੱਯੂਬ ਦੇ ਤਿੰਨ ਮਿੱਤਰ ਉਸ ਨੂੰ ਤਸੱਲੀ ਅਤੇ ਹੌਸਲਾ ਨਹੀਂ ਦੇ ਰਹੇ ਸਨ। ਦਰਅਸਲ, ਉਹ "ਦੁਖ ਦਾਇਕ ਤਸੱਲੀ ਦੇਣ ਵਾਲੇ" ਸਨ ਅਤੇ ਉਨ੍ਹਾਂ ਨੇ ਉਸ ਨੂੰ ਆਪਣੀਆਂ "ਹਵਾਈ ਗੱਲਾਂ" ਅਤੇ ਲੰਬੇ-ਲੰਬੇ ਭਾਸ਼ਣਾਂ ਦੁਆਰਾ ਨਿਰਾਸ਼ਾ ਕੀਤਾ ਸੀ ਜੋ ਸ਼ਾਇਦ ਕਦੇ ਖਤਮ ਨਹੀਂ ਹੁੰਦੇ (16:3)। ਅੱਯੂਬ ਨੇ ਗੱਲਬਾਤ ਨੂੰ ਫੇਰ ਬਦਲਣ ਦੀ ਕੋਸ਼ਿਸ਼ ਕੀਤੀ ਜਦੋਂ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਦੇ ਉਲਟ ਹੋਣ ਦੀ ਕਲਪਨਾ ਕਰਨ ਦੇ ਲਈ ਕਿਹਾ। ਜੇ ਉਨ੍ਹਾਂ ਦੀਆਂ ਭੂਮਿਕਾਵਾਂ ਨੂੰ ਉਲਟਾ ਦਿੱਤਾ ਜਾਂਦਾ, ਤਾਂ ਅੱਯੂਬ ਨੇ ਆਪਣੇ ਤਿੰਨ ਮਿੱਤਰਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਤਸੱਲੀ ਦੇਣ ਦੀ ਕੋਸ਼ਿਸ਼ ਕਰੇਗਾ ਤਾਂ ਜੋ ਉਸ ਦੇ "ਬੁੱਲ੍ਹਾਂ ਦਾ ਹਿੱਲਣਾ" ਉਨ੍ਹਾਂ ਨੂੰ "ਸਬਿਹਤਾ" ਦੇਵੇ (16:5)। ਚੰਗੇ ਤਸੱਲੀ ਦੇਣ ਵਾਲਿਆਂ ਨੂੰ ਆਪਣੇ ਦੁਖੀ ਮਿੱਤਰਾਂ ਨੂੰ ਦਿਲਾਸਾ ਦੇਣਾ ਚਾਹੀਦਾ ਹੈ ਅਤੇ ਸੱਚੇ ਮਿੱਤਰਾਂ ਨੂੰ ਦੁੱਖ ਨੂੰ ਵੰਡਣ ਵਿਚ ਸਹਾਇਤਾ ਕਰਨੀ ਚਾਹੀਦੀ ਹੈ। ਅਫ਼ਸੋਸ ਦੀ ਗੱਲ ਹੈ ਕਿ ਅੱਯੂਬ ਦੇ ਤਿੰਨ ਮਿੱਤਰਾਂ ਨਾਲ ਅਜਿਹਾ ਨਹੀਂ ਹੋਇਆ ਸੀ।

ਅੱਯੂਬ ਨੇ ਇਕ ਉਦਾਸ ਅਤੇ ਗਲਤ ਸਿੱਟਾ ਕੱਢਿਆ। ਉਸ ਦੇ ਉੱਤਰ ਦੇ ਇਸ ਬਿੰਦੂ ਤੇ, ਅੱਯੂਬ ਦੀਆਂ ਟਿੱਪਣੀਆਂ ਪਰਮੇਸ਼ੁਰ ਵੱਲ ਮੁੜ ਗਈਆਂ। ਅੱਯੂਬ ਉੱਚੀ ਆਵਾਜ਼ ਵਿਚ ਬੋਲਿਆ ਅਤੇ ਆਪਣੀ ਸਥਿਤੀ ਦਾ ਜਾਇਜ਼ਾ ਲਿਆ। ਆਪਣੇ ਤਿੰਨ ਮਿੱਤਰਾਂ ਦੁਆਰਾ ਦਿੱਤੇ ਗਏ ਹੱਠੀ, ਲੰਬੇ-ਲੰਬੇ ਭਾਸ਼ਣ ਸੁਣਨ ਤੋਂ ਬਾਅਦ ਅਤੇ ਪਰਮੇਸ਼ੁਰ ਵੱਲੋਂ ਉਸ ਦੇ ਪ੍ਰਸ਼ਨਾਂ ਦਾ ਕੋਈ ਜਵਾਬ ਨਾ ਮਿਲਣ ਤੋਂ ਬਾਅਦ, ਅੱਯੂਬ ਨੇ ਇਹ ਸਿੱਟਾ ਕੱਢਿਆ ਕਿ ਪਰਮੇਸ਼ੁਰ ਉਸ ਦਾ ਵਿਰੋਧੀ ਹੋਵੇਗਾ। ਅੱਯੂਬ ਨੇ ਕਿਹਾ, "ਪਰ ਹੁਣ ਉਹ ਨੇ ਮੈਨੂੰ ਥਕਾ ਦਿੱਤਾ ਹੈ, ਤੈਂ ਮੇਰੇ ਸਾਰੇ ਆਰ ਪਰਵਾਰ ਨੂੰ ਬਰਬਾਦ ਕੀਤਾ, ਤੈਂ ਮੈਨੂੰ ਘੁੱਟ ਕੇ ਫੜ ਲਿਆ ਹੈ। ... ਉਹ ਦੇ ਕ੍ਰੋਧ ਨੇ ਮੈਨੂੰ ਪਾੜਿਆ ਤੇ ਸਤਾਇਆ ਹੈ, ਉਹ ਨੇ ਮੇਰੇ ਉੱਤੇ ਆਪਣੇ ਦੰਦ ਕਰੀਚੇ, ਮੇਰਾ ਵਿਰੋਧੀ ਮੈਨੂੰ ਅੱਖਾਂ ਵਿਖਾਉਂਦਾ ਹੈ" (16:7-9)। ਅੱਯੂਬ ਥੱਕ ਗਿਆ ਸੀ; ਉਹ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਥੱਕਿਆ ਹੋਇਆ ਸੀ। ਅਫ਼ਸੋਸ ਦੀ ਗੱਲ ਹੈ ਕਿ ਉਸ ਨੇ ਆਪਣੀ ਥਕਾਵਟ ਨੂੰ ਪਰਮੇਸ਼ੁਰ ਨਾਲ ਜੋੜਿਆ ਅਤੇ ਇਕ ਗਲਤ ਸਿੱਟਾ ਕੱਢਿਆ। ਅੱਯੂਬ ਪਰਮੇਸ਼ੁਰ ਨੂੰ ਆਪਣਾ ਵਿਰੋਧੀ ਮੰਨਦਾ ਸੀ। ਇਹ ਦੁਖਦਾਈ ਹੁੰਦਾ ਹੈ ਜਦੋਂ ਕੋਈ ਵਿਅਕਤੀ ਇਸ ਤਰ੍ਹਾਂ ਯਹੋਵਾਹ ਪਰਮੇਸ਼ੁਰ ਦੇ ਬਾਰੇ ਸੋਚਦਾ ਹੈ।

1976 ਵਿਚ, ਮੈਂ ਹਾਰਡਿੰਗ ਯੂਨੀਵਰਸਿਟੀ ਵਿਚ ਇਕ ਫਰੈਸ਼ਮੈਨ ਬਾਈਬਲ ਕਲਾਸ ਵਿਚ ਬੈਠਾ। ਪ੍ਰੋਫੈਸਰ ਡਾਕਟਰ ਨੀਲ ਪ੍ਰਾਈਅਰ ਸਨ ਅਤੇ ਉਨ੍ਹਾਂ ਨੇ ਮੇਰੇ ਉੱਤੇ ਡੂੰਘਾ ਪ੍ਰਭਾਵ ਪਾਇਆ। ਮੈਨੂੰ ਯਾਦ ਹੈ ਕਿ ਡਾਕਟਰ ਪ੍ਰਾਈਅਰ ਨੇ ਰੋਮੀਆਂ 8:31 ਦਾ ਹਵਾਲਾ ਦਿੱਤਾ ਸੀ ਜਿੱਥੇ ਪੌਲੁਸ ਰਸੂਲ ਨੇ ਇਹ ਸਵਾਲ ਪੁੱਛਿਆ ਸੀ, "ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?" ਉਸ ਦੀਆਂ ਅੱਖਾਂ ਵਿਚ ਇਕ ਰੌਸ਼ਨੀ ਦੇ ਨਾਲ, ਮੈਂ ਕਦੇ ਨਹੀਂ ਭੁੱਲਾਂਗਾ ਕਿ ਡਾਕਟਰ ਪ੍ਰਾਈਅਰ ਕਿੰਨੇ ਜੋਸ਼ ਵਿਚ ਅਤੇ ਆਤਮ ਵਿਸ਼ਵਾਸ ਵਿਚ ਸਨ ਜਦੋਂ ਉਨ੍ਹਾਂ ਨੇ ਇਸ ਤੱਥ ਤੇ ਜ਼ੋਰ ਦਿੱਤਾ ਕਿ ਪਰਮੇਸ਼ੁਰ ਸਾਡੀ ਵੱਲ ਹੈ! ਸ਼ਤਾਨ ਸਾਡਾ ਵਿਰੋਧੀ ਹੈ, ਨਾ ਕਿ ਪਰਮੇਸ਼ੁਰ। ਪਰਮੇਸ਼ੁਰ ਸਾਡੀ ਵੱਲ ਹੈ! ਪਰ, ਅੱਯੂਬ ਇਹ ਨਹੀਂ ਵੇਖ ਸਕਿਆ। ਅੱਯੂਬ ਦਾ ਮੰਨਣਾ ਸੀ ਕਿ ਪਰਮੇਸ਼ੁਰ ਨੇ ਉਸ ਨੂੰ ਕੁਧਰਮੀਆਂ ਦੇ ਹੱਥ ਵਿਚ ਸੁੱਟ ਦਿੱਤਾ ਸੀ (16:11)। ਅੱਯੂਬ ਨੇ ਕਿਹਾ, "ਉਹ ਨੇ ਮੈਨੂੰ ਚੂਰ ਚਾਰ ਕਰ ਸੁੱਟਿਆ, ਅਤੇ ਮੈਨੂੰ ਧੌਣੋਂ ਫੜ ਲਿਆ ਤੇ ਪਟਕਾ ਪਟਕਾ ਕੇ ਮੈਨੂੰ ਭੰਨ ਸੁੱਟਿਆ, ਉਹ ਨੇ ਮੈਨੂੰ ਆਪਣੇ ਨਿਸ਼ਾਨੇ ਲਈ ਖੜਾ ਕੀਤਾ! ਉਹ

ਦੇ ਤੀਰ ਅੰਦਾਜ਼ ਮੈਨੂੰ ਆਲੇ ਦੁਆਲਿਓਂ ਘੇਰ ਲੈਂਦੇ ਹਨ" (16:12, 13)।

ਸਾਡਾ ਪਰਮੇਸ਼ੁਰ ਆਪਣੇ ਬੱਚਿਆਂ ਨਾਲ ਇਸ ਤਰ੍ਹਾਂ ਪੇਸ਼ ਨਹੀਂ ਆਉਂਦਾ। ਸਾਡਾ ਪਰਮੇਸ਼ੁਰ ਸਾਨੂੰ ਨਹੀਂ ਫੜਦਾ, ਸਾਨੂੰ ਨਹੀਂ ਪਟਕਦਾ, ਜਾਂ ਆਪਣੇ ਤੀਰਾਂ ਦੇ ਨਿਸ਼ਾਨੇ ਨਹੀਂ ਬਣਾਉਂਦਾ। ਅਸੀਂ ਦੁਸ਼ਟ ਦੇ ਨਿਸ਼ਾਨੇ ਹਾਂ (ਲੂਕਾ 22:31) ਅਤੇ ਕੋਈ ਵੀ "ਅਗਣ ਬਾਣ" ਜੋ ਸਾਡੇ ਰਾਹ ਵਿਚ ਆਉਂਦਾ ਹੈ ਦੁਸ਼ਟ ਦੀ ਵੱਲੋਂ ਹੈ (ਅਫ਼ਸੀਆਂ 6:16)। ਅੱਯੂਬ ਵੀ ਇਸ ਸਿੱਟੇ ਤੇ ਪਹੁੰਚਿਆ ਸੀ ਕਿ ਪਰਮੇਸ਼ੁਰ "ਦਯਾ ਰਹਿਤ" ਜਾਂ "ਸਰਫਾ ਨਹੀਂ ਕਰਦਾ" (16:13), ਪਰ ਸੱਚ ਤੋਂ ਹੋਰ ਕੁਝ ਨਹੀਂ ਹੋ ਸਕਦਾ। ਜ਼ਬੂਰ 100:5 ਵਿਚ, ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਯਹੋਵਾਹ ਤਾਂ ਭਲਾ ਹੈ, ਉਸ ਦੀ ਦਯਾ ਸਦੀਪਕ ਹੈ, ਅਤੇ ਉਹ ਦੀ ਵਫ਼ਾਦਾਰੀ ਪੀੜ੍ਹੀਓ ਪੀੜ੍ਹੀ ਤੀਕ ਹੈ" (KJV)।

ਅੱਯੂਬ ਆਲੇ-ਦੁਆਲੇ ਵੇਖ ਕੇ ਸੋਚਦਾ ਰਿਹਾ। ਜਦੋਂ ਅੱਯੂਬ ਨੇ ਆਪਣੇ ਆਲੇ-ਦੁਆਲੇ ਦੇ ਲੋਕਾਂ ਵੱਲ ਵੇਖਿਆ, ਉਸ ਨੂੰ ਉਹ ਪਸੰਦ ਨਹੀਂ ਸੀ ਜੋ ਉਸ ਨੇ ਵੇਖਿਆ। ਉਨ੍ਹਾਂ ਨੇ ਉਸ ਨੂੰ ਉਨ੍ਹਾਂ ਦੀਆਂ ਗੱਲਾਂ ਅਤੇ ਉਨ੍ਹਾਂ ਦੇ ਕੰਮਾਂ ਨਾਲ ਠੇਸ ਪਹੁੰਚਾਈ ਸੀ (16:10, 11)। ਅੱਯੂਬ ਨੇ ਉਨ੍ਹਾਂ ਨੂੰ "ਕੁਧਰਮੀ" ਕਿਹਾ ਅਤੇ ਉਹ ਵਿਸ਼ਵਾਸ ਕਰਦਾ ਸੀ ਕਿ ਉਹ "ਦੁਸ਼ਟ" ਸਨ। ਉਸ ਦੇ ਇਰਦ ਗਿਰਦ ਲੋਕਾਂ ਨੇ ਅੱਯੂਬ ਦੇ ਬੇਗੁਨਾਹ ਹੋਣ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ ਸੀ ਅਤੇ ਉਹ ਉਸ ਦੇ ਨਾਲ ਕਠੋਰ ਸਨ। ਅੱਯੂਬ ਨੇ ਤਾਂ ਇਹ ਵੀ ਦੱਸਿਆ ਸੀ ਕਿ ਉਨ੍ਹਾਂ ਉਸ ਦੇ ਵਿਰੁੱਧ ਰਲ ਕੇ ਇਕੱਠੇ ਹੁੰਦੇ ਸਨ (16:10)।

ਅੱਯੂਬ ਨੂੰ ਪਰਮੇਸ਼ੁਰ ਵਿਚ ਆਪਣਾ ਗਵਾਹ ਮਿਲਿਆ। ਪਰਮੇਸ਼ੁਰ ਨੂੰ ਆਪਣਾ ਵਿਰੋਧੀ ਸਮਝਣ ਅਤੇ ਆਪਣੇ ਆਲੇ-ਦੁਆਲੇ ਦੁਸ਼ਟ ਲੋਕਾਂ ਨੂੰ ਵੇਖਣ ਤੋਂ ਬਾਅਦ, ਅੱਯੂਬ ਨੇ ਦੱਸਿਆ ਕਿ ਉਹ ਕਿਵੇਂ ਮਹਿਸੂਸ ਕਰਦਾ ਸੀ। ਉਸ ਨੇ ਕਿਹਾ, "ਮੇਰਾ ਮੂੰਹ ਰੋਣ ਨਾਲ ਲਾਲ ਹੋ ਗਿਆ, ਅਤੇ ਮੇਰੀਆਂ ਪਲਕਾਂ ਉੱਤੇ ਮੌਤ ਦਾ ਸਾਯਾ ਹੈ" (16:16)। ਕੀ ਤੁਸੀਂ ਕਦੇ ਕਿਸੇ ਨੂੰ ਡੂੰਘੇ ਦੁੱਖ ਵਿਚ ਵੇਖਿਆ ਹੈ ਅਤੇ ਤੁਸੀਂ ਉਸ ਦੇ ਚਿਹਰੇ ਵੱਲ ਵੇਖ ਕੇ ਜਾਣਦੇ ਸੀ ਕਿ ਉਹ ਉਹ ਗੰਭੀਰ ਪਰੇਸ਼ਾਨੀ ਵਿਚ ਸੀ? ਅੱਯੂਬ ਵੀ ਵੇਖਣ ਵਿਚ ਪਰੇਸ਼ਾਨ ਲੱਗਦਾ ਸੀ ਅਤੇ ਇਹ ਸਪੱਸ਼ਟ ਸੀ ਕਿ ਉਹ ਗੰਭੀਰ ਪੀੜਾ ਵਿਚ ਸੀ। ਅੱਯੂਬ ਨੂੰ ਇਕ ਗਵਾਹ ਦੀ ਸਖ਼ਤ ਲੋੜ ਸੀ ਜਿਹੜਾ ਉਸ ਨੂੰ ਦਿਲਾਸਾ ਦਿੰਦਾ ਅਤੇ ਉਸ ਨੂੰ ਮਜ਼ਬੂਤ ਕਰਦਾ। ਆਪਣੀ ਨਿਰਦੋਸ਼ਤਾ ਬਣਾਈ ਰੱਖਣ ਤੋਂ ਬਾਅਦ, ਅੱਯੂਬ ਨੇ ਉੱਪਰ ਵੇਖਿਆ ਅਤੇ ਕਿਹਾ, "ਮੇਰਾ ਗਵਾਹ ਉਚਿਆਈਆਂ ਉੱਤੇ ਹੈ" (16:19)। ਜਦੋਂ ਅੱਯੂਬ ਨੇ ਉੱਪਰ ਵੇਖਿਆ ਤਾਂ ਉਸ ਨੂੰ ਆਪਣਾ ਗਵਾਹ ਮਿਲਿਆ। ਮਸੀਹੀ ਹੋਣ ਦੇ ਨਾਤੇ, ਸਾਡਾ ਗਵਾਹ ਉਚਿਆਈਆਂ ਉੱਤੇ ਹੈ ਜਿਹੜਾ ਸਾਨੂੰ ਮਜ਼ਬੂਤ ਕਰੇਗਾ, ਦਿਲਾਸਾ ਦੇਵੇਗਾ ਅਤੇ ਉਸ ਅੱਗੇ ਬੇਨਤੀ ਕਰੇਗਾ ਜੋ "ਸਾਡੀ ਵੱਲ" ਹੈ। ਅੱਜ, ਉਚਿਆਈਆਂ ਉੱਤੇ ਸਾਡਾ ਗਵਾਹ ਯਿਸੂ ਹੈ। ਯੂਹੰਨਾ ਨੇ ਲਿਖਿਆ ਕਿ "ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ" (1 ਯੂਹੰਨਾ 2:1)।

ਸਿੱਟਾ। ਯਿਸੂ ਦੇ ਭਰਾ ਯਾਕੂਬ ਨੇ ਲਿਖਿਆ,

> ਹੇ ਮੇਰੇ ਭਰਾਵੋ, ਜਿਹੜੇ ਨਬੀ ਪ੍ਰਭੂ ਦਾ ਨਾਮ ਲੈ ਕੇ ਬੋਲਦੇ ਸਨ ਉਨ੍ਹਾਂ ਨੂੰ ਦੁਖ ਝੱਲਣ ਦਾ ਅਤੇ ਧੀਰਜ ਕਰਨ ਦਾ ਨਮੂਨਾ ਮੰਨ ਲਓ। ਵੇਖੋ, ਅਸੀਂ ਉਨ੍ਹਾਂ ਨੂੰ ਧੰਨ ਆਖਦੇ ਹਾਂ ਜਿਨ੍ਹਾਂ ਸਬਰ ਕੀਤਾ। ਤੁਸਾਂ ਅੱਯੂਬ ਦਾ ਸਬਰ ਸੁਣਿਆ ਹੈ ਅਤੇ ਪ੍ਰਭੂ ਦਾ ਪਰੋਜਨ ਜਾਣਦੇ ਹੋ ਭਈ ਪ੍ਰਭੂ ਵੱਡਾ ਦਰਦੀ ਅਤੇ ਦਿਆਲੂ ਹੈ (ਯਾਕੂਬ 5:10, 11)।

ਅਧਿਆਇ 16 ਵਿਚ, ਅੱਯੂਬ ਨੇ ਸ਼ੁਰੂ ਵਿਚ ਵਿਸ਼ਵਾਸ ਨਹੀਂ ਕੀਤਾ ਕਿ ਪ੍ਰਭੂ ਦਿਆਲੂ ਹੈ; ਪਰ

ਫਿਰ ਅੱਯੂਬ ਨੂੰ ਉੱਪਰ ਵੇਖਿਆ ਅਤੇ ਉਸ ਨੂੰ ਉਹ ਦਾ ਗਵਾਹ ਮਿਲਿਆ। ਉਸ ਸੁਰਗੀ ਦ੍ਰਿਸ਼ਟੀਕੋਣ ਨੇ ਉਸ ਨੂੰ ਧੀਰਜ ਕਰਨ ਅਤੇ ਅਖੀਰ ਵਿਚ ਇਹ ਜਾਣਨ ਦੀ ਤਾਕਤ ਦਿੱਤੀ ਕਿ ਪਰਮੇਸ਼ੁਰ ਸੱਚਮੁੱਚ ਦਿਆਲੂ ਹੈ। ਐਫ. ਮਿਲਸ

ਟਿੱਪਣੀਆਂ

[1]ਵਿਲੀਅਮ ਡੀ. ਰੀਬਰਨ ਨੇ ਹੇਠ ਲਿਖੇ ਨਮੂਨੇ ਤੇ ਟਿੱਪਣੀ ਕੀਤੀ: ਮਿੱਤਰਾਂ ਨੂੰ ਸ਼ਿਕਾਇਤ (16:2-5); ਪਰਮੇਸ਼ੁਰ ਨੂੰ ਸ਼ਿਕਾਇਤ (16:6-14); ਆਤਮ-ਰੱਖਿਆ (16:15-17); ਦਲੀਲ (16:18-21); ਸ਼ਿਕਾਇਤ (16:22-17:2); ਦਲੀਲ (17:3-5); ਪਰਮੇਸ਼ੁਰ ਅਤੇ ਲੋਕਾਂ ਦੇ ਵਿਰੁੱਧ ਸ਼ਿਕਾਇਤ (17:6, 7); ਮਿੱਤਰਾਂ ਦੇ ਵਿਰੁੱਧ ਸ਼ਿਕਾਇਤ (17:8-10); ਮਿੱਤਰਾਂ, ਮੌਤ ਅਤੇ ਪਤਾਲ ਨੂੰ ਸ਼ਿਕਾਇਤ (17:11-16)। (ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* [ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992], 305.) [2]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 179. [3]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 144. [4]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 257. [5]ਰੀਬਰਨ, 308. [6]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 150. [7]ਹਾਰਟਲੀ, 260. [8]ਰੀਬਰਨ, 317. [9]ਰੌਬਰਟ ਐਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 186. [10]ਹਾਰਟਲੀ, 263.

[11]ਐਲਡਨ, 186. [12]ਰੌਬਰਟ ਗੋਰਡਿਸ, *ਦ ਬੁਕ ਆਫ਼ ਗੌਡ ਐਂਡ ਮੈਨ: ਏ ਸਟੱਡੀ ਆਫ਼ ਅੱਯੂਬ* (ਸ਼ਿਕਾਗੋ: ਦ ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 1965), 86. [13]ਹੇਲੀ, 155. [14]ਡੈਰਕ ਕਿਡਨਰ, *ਦ ਕਹਾਉਤਾਂ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ* (ਲੰਡਨ: ਇੰਟਰ-ਵਰਸਿਟੀ ਪ੍ਰੈਸ, 1964), 42.